# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-A, ਚੰਡੀਗੜ

| ਟੈਲੀਫੋਨ | ਫੈਕਸ | ਈ-ਮੇਲ |
|---|---|---|
| 2621104 | 2624687 | ssapunjab_egs@yahoo.co.in |
| 2621106 | 2623206 | egspunjab@gmail.com |


ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ।

ਮੀਮੋ ਨੰ: ਸਸਅ/ਏ.ਆਈ.ਈ/ਓ.ਓ.ਐਸ.ਸੀ/2010-11/**38735-38754**
ਮਿੱਤੀ ਚੰਡੀਗੜ੍ਹ: **26-05-10**

**ਵਿਸ਼ਾ:- ਚਾਇਲਡ ਟਰੈਕਿੰਗ ਸਿਸਟਮ ਸੋਫਟਵੇਅਰ (CTS) ਨੂੰ ਅਪਡੇਟ ਕਰਨ ਸਬੰਧੀ।**

**1.0** ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

**2.0** ਆਪ ਨੂੰ ਜਿਵੇਂ ਪਤਾ ਹੀ ਹੈ ਕਿ ਸਮੇਂ-ਸਮੇਂ ਸਿਰ ਮਹੀਨਾਵਾਰ ਮੀਟਿੰਗਾਂ ਵਿਚ ਚਾਇਲਡ ਟਰੈਕਿੰਗ ਸਿਸਟਮ ਸੋਫਟਵੇਅਰ (CTS) ਬਾਰੇ ਵਿਸਥਾਰ ਚਰਚਾ ਕੀਤੀ ਜਾਂਦੀ ਰਹੀ ਹੈ। ਜਿਸ ਅਨੁਸਾਰ ਸਾਲ 2008-09, 2009-10 ਅਤੇ 2010-11 ਦੌਰਾਨ ਏ.ਆਈ.ਈ ਕੇਂਦਰਾਂ ਵਿਚ ਦਾਖਲ/ਪੜ੍ਹਦੇ ਅਤੇ ਮੇਨਸਟਰੀਮ ਕਰਵਾਏ ਬੱਚਿਆਂ ਦੀ ਮੌਜੂਦਾ ਸਥਿਤੀ ਦਾ ਇੰਦਰਾਜ ਸਮੇਂ ਸਮੇਂ ਤੇ ਚਾਇਲਡ ਟਰੈਕਿੰਗ ਸਿਸਟਮ ਸੋਫਟਵੇਅਰ ਵਿਚ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ) ਦੇ ਦਫਤਰ ਵਲੋਂ ਕੀਤਾ ਜਾਣਾ ਹੈ।

**3.0** ਸਾਲ 2010-11 ਦੌਰਾਨ ਜਾਂ ਭਵਿਖ ਵਿਚ ਜਿਨ੍ਹੇ ਵੀ ਹੋਰ ਸਕੂਲੋਂ ਵਿਰਵੇਂ ਬੱਚੇ ਏ.ਆਈ.ਈ ਕੇਂਦਰਾਂ ਵਿਚ ਦਾਖਲ ਹੋਣਗੇ ਉਹਨਾਂ ਦੀ ਸਮੂਹ ਸੂਚਨਾ ਪੂਰੇ ਵੇਰਵੇ ਸਮੇਤ ਫੋਟੋਗ੍ਰਾਫ ਵੀ CTS ਅਧੀਨ ਇੰਦਰਾਜ ਅਤੇ ਅਪਡੇਟ ਕਰਨਾ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ) ਦੇ ਦਫਤਰ ਵਲੋਂ ਯਕੀਨੀ ਬਣਾਇਆ ਜਾਵੇ।

**4.0** ਦਫ਼ਤਰ ਦੇ ਧਿਆਨ ਵਿਚ ਇਹ ਵੀ ਆਇਆ ਹੈ ਕਿ ਪ੍ਰਵਾਸੀ ਬੱਚਿਆਂ ਦਾ ਡੈਟਾ CTS ਵਿਚ ਇੰਦਰਾਜ ਕਰਦੇ ਸਮੇਂ ਉਹਨਾ ਦੇ ਘਰ ਦਾ ਮੌਜੂਦਾ ਪਤਾ ਅਤੇ ਪਕਾ ਪਤਾ ਸਹੀ ਢੰਗ ਨਾਲ ਨਹੀ ਭਰਿਆ ਜਾਂਦਾ ਜਿਸ ਤੋਂ ਇਹ ਸਪਸ਼ਟ ਨਹੀ ਹੁੰਦਾ ਕਿ ਪ੍ਰਵਾਸੀ ਬੱਚਾ ਕਿਸ ਰਾਜ/ਪ੍ਰਾਂਤ ਤੋਂ ਪ੍ਰਵਾਸ ਕਰਕੇ ਆਇਆ ਹੈ।

**5.0** ਪ੍ਰਵਾਸੀ ਬੱਚੇ ਦੇ ਮੌਜੂਦਾ ਰਿਹਾਇਸ਼ ਅਤੇ ਪੱਕੇ ਪਤੇ ਦੇ ਕਾਲਮ ਵਿਚ ਸਿਰਫ ਮਾਈਗ੍ਰੇਟ ਹੀ ਭਰਿਆ ਹੋਇਆ ਹੈ।

**6.0** ਇਹ ਵੀ ਆਮ ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰੇ ਜ਼ਿਲ੍ਹਿਆਂ ਵਲੋਂ ਬੱਚਿਆਂ ਦੀਆਂ ਫੋਟੋਆਂ ਵੀ ਅਜੇ ਤੱਕ CTS ਵਿਚ ਅਪਲੋਡ ਨਹੀ ਕੀਤੀਆਂ ਗਈਆਂ ਹਨ।

**7.0** ਜੇਕਰ ਕੋਈ ਬੱਚਾ ਰਾਜ ਜਾਂ ਪ੍ਰਰਾਤ ਵਿਚੋਂ ਪ੍ਰਵਾਸ ਕਰਕੇ ਕਿਸੇ ਹੋਰ ਰਾਜ ਵਿਚ ਚਲ੍ਹਾ ਜਾਂਦਾ ਹੈ ਤਾਂ ਇਸ ਦਾ ਇੰਦਰਾਜ ਵੀ CTS ਵਿਚ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਇਸ ਸਬੰਧੀ ਮੁਖ ਦਫ਼ਤਰ ਨੂੰ ਵੀ ਤੁਰੰਤ ਸੂਚਿਤ ਕੀਤਾ ਜਾਵੇ ਤਾਂ ਕੇ ਪ੍ਰਵਾਸ ਕਰ ਗਏ ਬੱਚੇ ਸਬੰਧੀ ਸਬੰਧਤ ਰਾਜ ਨਾਲ ਤਾਲ ਮੇਲ ਕਰਕੇ ਸੂਚਿਤ ਕੀਤਾ ਜਾ ਸਕੇ।

**-ਸਹੀ-**
**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ।**